**ਚਾਰਨਵੁੱਡ ਬਰਾ ਕਾਊਂਸਲ (Charnwood Borough Council) ਬਾਰੇ...**

ਚਾਰਨਵੁੱਡ (Charnwood) ਦਿਹਾਤੀ ਪਿੰਡਾਂ ਅਤੇ ਚੈਹਲ ਪੈਹਲ ਵਾਲੇ ਯੂਨੀਵਰਸਿਟੀ ਸ਼ਹਿਰ ਦਾ ਮਨਮੋਹਣਾ ਅਤੇ ਸੁਹਾਵਣਾ ਮਿਲਗੋਭਾ ਹੈ।

164,000 ਤੇ ਵੱਧ ਆਬਾਦੀ ਵਾਲਾ ਬਰਾ ਇੰਗਲੈਂਡ ਵਿੱਚ ਸੱਭ ਤੋਂ ਵਡੇ ਡਿਸਟਰਿਕਟਾਂ ਵਿੱਚੋਂ ਇੱਕ ਹੈ। ਇਹ ਨੌਟਿੰਗਹਾਮ, ਲੈਸਟਰ ਅਤੇ ਡਰਬੀ ਦੇ ਦਰਮਿਆਨ ਸਥਪਿਤ ਹੋਇਆ ਇੱਕ ਤਿਰਕੋਨ ਦੇ ਆਕਾਰ ਦਾ ਇਲਾਕਾ ਹੈ।

ਸਥਾਨਿਕ ਕਾਊਂਸਲ ਚਾਰਨਵੁੱਡ ਬਰਾ ਕਾਊਂਸਲ (Charnwood Borough Council) ਹੈ ਅਤੇ ਅਸੀਂ ਇਨ੍ਹਾਂ ਲਈ ਜਿੰਮੇਵਾਰ ਹਾਂ:

- ਕੂੜ੍ਹਾ ਕਰਕੱਟ ਚੁੱਕਣਾ ਅਤੇ ਮੁੜ-ਵਰਤੋਂ
- ਸੜ੍ਹਕਾਂ ਦੀ ਸਫ਼ਾਈ
- ਵਾਤਾਵਰਨ ਸਿਹਤਮੰਦੀ (ਕੀੜੇ ਕਿਰਮ ਦਾ ਕਾਬੂ, ਅਵਾਰਾ ਕੁੱਤੇ, ਭੋਜਨ ਸੁਰੱਖਿਆ, ਵਾਤਾਵਰਨ ਸੁਰੱਖਿਆ, ਲਾਈਸੰਸ ਜਾਰੀ ਕਰਨੇ, ਸਿਹਤ ਅਤੇ ਸੁਰੱਖਿਆ)
- ਖ਼ੇਡਾਂ ਅਤੇ ਵਿਸ਼ਰਾਮ ਸਹੂਲਤਾਂ (ਵਿਸ਼ਰਾਮ ਕੇਂਦਰ, ਪਾਰਕ, ਖੇਡ ਮਦਾਨ)
- ਕਲਾ ਅਤੇ ਸੱਭਿਆਚਾਰ (ਅਜ਼ਾਇਬ ਘਰ, ਟਾਊਨ ਹਾਲ, ਦਿਹਾਤੀ ਯਾਤਰਾ)
- ਰਿਹਾਇਸ਼
- ਸ਼ੈਹਰੀ ਅਤੇ ਦਿਹਾਤੀ ਯੋਜਨਾਬਦੀ ਅਤੇ ਉਸਾਰੀ ਕੰਟ੍ਰੋਲ
- ਨਵੇਂ ਕਾਰੋਬਾਰਾਂ ਲਈ ਸਹਾਰਾ ਅਤੇ ਨਵਾਂ ਪਰਚੂਨ ਵਿਕਾਸ

ਜਿੱਥੇ ਸੜ੍ਹਕਾਂ, ਸਮਾਜਿਕ ਸੇਵਾਵਾਂ, ਸਕਲ ਅਤੇ ਪੁਲਿਸ ਵਰਗੀਆਂ ਸੱਭ ਚੀਜ਼ਾਂ ਦਾ ਪ੍ਰਬੰਧ ਲੈਸਟਰਸ਼ਰ ਕਾਉਂਟੀ ਕਾਊਂਸਲ ਕਰਦੀ ਹੈ। (ਟੈਲੀਫ਼ੋਨ ਨੰਬਰ : 0116 305 6252)

**ਸਾਡੀ ਦੋਭਾਸ਼ੀਆ ਸੇਵਾ ਵਰਤਣੀ**

ਅਸੀਂ ਆਪਣੀਆਂ ਸੇਵਾਵਾਂ ਹਰ ਇੱਕ ਲਈ ਜੋ ਚਾਰਨਵੁੱਡ ਵਿੱਚ ਰਹਿੰਦਾ ਅਤੇ ਕੰਮ ਕਰਦਾ ਹੈ ਲਈ ਪਹੁੰਚਣਯੋਗ ਬਣਾਉਣੀਆਂ ਚਾਹੁੰਦੇ ਹਾਂ। ਅਸੀਂ ਇਸ ਤੋਂ ਜਾਣੂ ਹਾਂ ਕਿ ਹਰ ਇੱਕ ਵਿਅਕਤੀ ਦੀ ਮਾਤਭਾਸ਼ਾ ਅੰਗ੍ਰੇਜ਼ੀ ਨਹੀਂ ਹੈ ਅਤੇ ਇਸ ਕਰਕੇ ਅਸੀਂ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਪ੍ਰਕਾਰ ਦੀਆਂ ਦੋਭਾਸ਼ਾਈ ਅਤੇ ਅਨੁਵਾਦਕਾਰੀ ਸੇਵਾਵਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ।

<u>ਫ਼ੋਨ ਤੇ</u>

ਜੇ ਤੁਸੀਂ ਕਾਊਂਸਲ ਨਾਲ ਸੰਪਰਕ ਕਰਨਾ ਚਾਹੋਂ ਅਤੇ ਤੁਹਾਡੀ ਮਾਤਭਾਸ਼ਾ ਅੰਗ੍ਰੇਜ਼ੀ ਨਹੀਂ ਹੈ ਤਾਂ ਅਸੀਂ ਤੁਹਾਡੇ ਲਈ ਫ਼ੋਨ ਤੇ ਅਸੀਂ ਦੋਭਾਸ਼ੀਆ ਪ੍ਰਦਾਨ ਕਰਾਂਗੇ। ਕਾਊਂਸਲ ਤੁਰੰਤ ਟੈਲੀਫ਼ੋਨ ਦੋਭਾਸ਼ਾਈ ਸੇਵਾ ਪੇਸ਼ ਕਰਨ ਵਾਲੀ ਕੰਪਨੀ ਵਰਤੀ ਹੈ।

ਇਹ ਸੇਵਾ ਵਰਤਣ ਲਈ 01509 634560 ਫ਼ੋਨ ਕਰੋ। ਗਾਹਕ ਸੇਵਾ ਸਲਾਹਕਾਰ ਨਾਲ ਕਾਲ ਕਨੈਕਟ ਹੋਣ ਉਪਰੰਤ ਉਹ ਤੁਹਾਨੂੰ ਤੁਹਾਡੀਆਂ ਇਨ੍ਹਾਂ ਚੀਜ਼ਾਂ ਬਾਰੇ ਪੁੱਛਣਗੇ...

- ਟੈਲੀਫ਼ੋਨ ਨੰਬਰ,
- ਤੁਹਾਡੀ ਪਸੰਦ ਦੀ ਭਾਸ਼ਾ,
- ਤੁਹਾਡਾ ਨਾਂਮ
- ਅਤੇ ਜੇ ਸੰਭਵ ਹੋਵੇ ਤਾਂ ਤੁਸੀਂ ਕਿਸ ਬਾਰੇ ਪੁੱਛ ਗਿੱਛ ਕਰਨਾ ਚਾਹੁੰਦੇ ਹੋ ਉਦਾਹਰਨ ਵੱਜੋਂ ਰਿਹਾਇਸ਼, ਯੋਜਨਾਬੰਦੀ, ਬੈਨੀਫਿੱਟ ਆਦਿ।

ਦੋਭਾਸ਼ੀਆ ਫਿਰ ਤੁਹਾਨੂੰ ਵਾਪਸ ਟੈਲੀਫ਼ੋਨ ਕਰੇਗਾ ਅਤੇ ਤੁਹਾਡੀ ਪੁੱਛ ਗਿੱਛ ਦਾ ਵਧੇਰੇ ਵਿਸਥਾਰ ਨਾਲ ਤਰਜ਼ਮਾ ਕਰਨਾ ਸ਼ੁਰੂ ਕਰ ਦੇਵੇਗਾ। ਗਾਹਕ ਸੇਵਾ ਸਲਾਹਕਾਰ ਤੁਹਾਡੀ ਪੁੱਛ ਗਿੱਛ ਨਾਲ ਜਿੰਨਾ ਸੰਭਵ ਹੋਵੇ ਵੱਧ ਤੋਂ ਵੱਧ ਪੂਰੀ ਤਰ੍ਹਾਂ ਨਿਜਿੱਠਣ ਦਾ ਟੀਚਾ ਮਿੱਥੇਗਾ, ਐਪਰ, ਪੁੱਛ ਗਿੱਛ ਦੀ ਪੇਚੀਦਗੀ ਉਪਰ ਨਿਰਭਰ, ਉਚਿੱਤ ਵਿਭਾਗੀ ਕਰਮਚਾਰੀ ਅਤੇ ਆਹਮਣੇਂ ਸਾਹਮਣੇਂ ਦੋਭਾਸ਼ੀਏ ਨਾਲ ਹੋਰ ਅਲੱਗ ਅਪੌਇੰਟਮੈਂਟ ਬਣਾਉਣ ਦੀ ਲੋੜ ਪੈ ਸਕਦੀ ਹੈ।

ਕਾਉਂਸਲ ਕੋਲ ਆਉਣਾ

ਸਾਡੇ ਕੋਲ ਕਈ ਪ੍ਰਕਾਰ ਦੇ ਦੋਭਾਸ਼ੀਏ ਉਸੇ ਸਮੇਂ ਨਾਲ ਦੀ ਨਾਲ ਅਨੁਵਾਦ ਕਰਨ ਲਈ ਉਲਬੱਧ ਹਨ। ਜਦੋਂ ਅਸੀਂ ਤੁਹਾਡੀ ਭਾਸ਼ਾ ਲਈ ਦੋਭਾਸ਼ੀਆ ਪ੍ਰਦਾਨ ਨਾ ਕਰ ਸਕੀਏ, ਜਾਂ ਜੇ ਇੰਟਰਵੀਓ ਪੇਚੀਦਾ ਜਾਂ ਲੰਬਾ ਹੋਵੇ ਤਾਂ ਅਸੀਂ ਦੂਜੀਆਂ ਏਜੰਸੀਆਂ ਤੋਂ ਪੇਸ਼ਾਵਰ ਦੋਭਾਸ਼ੀਏ ਖਰੀਦ ਸਕਦੇ ਹਾਂ। ਇਨ੍ਹਾਂ ਦੋਭਾਸ਼ੀਆਂ ਦਾ ਪ੍ਰਬੰਧ ਜਿਸ ਅਫ਼ਸਰ ਨਾਲ ਤੁਹਾਡੀ ਅਪੌਇੰਟਮੈਂਟ ਹੋਵੇ ਉਹ ਕਰਦਾ ਹੈ। ਇਸ ਤੋਂ ਇਲਾਵਾ ਕਾਉਂਸਲ ਗਾਹਕ ਸੇਵਾ ਕੇਂਦਰ, ਜਾਣੀ ਕਿ ਮੇਨ ਰੀਸੈਪਸ਼ਨ ਤੇ, ਜਿਨ੍ਹਾਂ ਮੁਲਾਕਾਤੀਆਂ ਨੂੰ ਆਪਣੀ ਪੁੱਛ ਗਿੱਛ ਕਰਨ ਵਿੱਚ ਮਦਦ ਲਈ ਦੋਭਾਸ਼ੀਏ ਦੀ ਲੋੜ ਹੋਵੇ ਉਨ੍ਹਾਂ ਲਈ ਟੈਲੀਫ਼ੋਨ ਦੋਭਾਸ਼ਾਈ ਸੇਵਾ ਪ੍ਰਾਪਤ ਕਰ ਸਕਦੀ ਹੈ।

ਕਾਉਂਸਲ ਦੇ ਦਸਤਾਵੇਜ਼ਾਂ ਦਾ ਅਨੁਵਾਦ

ਸੱਭ ਪ੍ਰਕਾਸ਼ਤਾਂ ਦੇ ਤਰਜ਼ਮੇ ਲਈ ਅਸੀਂ ਲਿੱਖਤੀ ਅਤੇ ਸੁਣਨ ਵਾਲੀ ਟੇਪ ਦੇ ਅਨੁਵਾਦ ਲਈ ਸਹੂਲਤ ਪ੍ਰਦਾਨ ਕਰਦੇ ਹਾਂ। ਕਾਉਂਸਲ ਦਾ ਦਸਤਾਵੇਜ਼ ਹੋਰ ਭਾਸ਼ਾ ਵਿੱਚ ਪ੍ਰਾਪਤ ਕਰਨ ਲਈ ਕਿਰਪਾ ਕਰਕੇ 01509 634560 ਫ਼ੋਨ ਕਰੋ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ 01509 634560 ਫ਼ੋਨ ਕਰੋ ਅਤੇ ਗਾਹਕ ਸੇਵਾ ਸਲਾਹਕਾਰ ਲਈ ਆਪਣਾ ਟੈਲੀਫ਼ੋਨ ਨੰਬਰ ਅਤੇ ਜਿਸ ਭਾਸ਼ਾ ਵਿੱਚ ਤੁਸੀਂ ਗੱਲ ਕਰਨਾ ਚਾਹੋਂ ਤਿਆਰ ਰੱਖੋ।